# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 12-07-2024**

- ਕੇਂਦਰ ਸਰਕਾਰ ਨੇ, ਹਰ ਸਾਲ 25 ਜੂਨ ਨੂੰ, 'ਸੰਵਿਧਾਨ ਹਤਿਆ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਏ।
- ਦੇਸ਼ ਲਈ ਸਾਬਕਾ ਅਗਨੀਵੀਰਾਂ ਦੀਆਂ ਸੇਵਾਵਾਂ ਮੁੜ ਤੋਂ ਲੈਣ ਲਈ, ਵੱਖ-ਵੱਖ ਕੇਂਦਰੀ ਬਲਾਂ ਦੇ ਮੁਖੀਆਂ ਨੇ 10 ਫੀਸਦੀ ਰਾਖਵੇਂਕਰਨ ਦਾ ਐਲਾਨ ਕੀਤਾ।
- ਜਲੰਧਰ ਪੱਛਮੀ ਰਾਖਵੇਂ ਵਿਧਾਨਸਭਾ ਹਲਕੇ ਦੀ ਜ਼ਿਮਨੀ ਚੋਣ ਵਾਸਤੇ, ਭਲਕੇ 13 ਜੁਲਾਈ ਨੂੰ ਹੋਣ ਵਾਲੀ ਵੋਟਾਂ ਦੀ ਗਿਣਤੀ ਲਈ ਸਾਰੀਆਂ ਤਿਆਰੀਆਂ ਮੁਕੰਮਲ ।

---

ਕੇਂਦਰ ਸਰਕਾਰ ਨੇ ਹਰ ਸਾਲ 25 ਜੂਨ ਨੂੰ 'ਸੰਵਿਧਾਨ ਹਤਿਆ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਏ। ਸਾਲ 1975 ਵਿੱਚ ਇਸੇ

ਦਿਨ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ, ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਸੀ। ਅੱਜ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਸ ਫੈਸਲੇ ਦਾ ਉਦੇਸ਼, ਉਨ੍ਹਾਂ ਲੱਖਾਂ ਲੋਕਾਂ ਦੀ ਭਾਵਨਾ ਦਾ ਸਨਮਾਨ ਕਰਨਾ ਏ, ਜਿਨ੍ਹਾਂ ਨੇ ਇੱਕ ਦਮਨਕਾਰੀ ਸਰਕਾਰ ਦੇ ਹੱਥੋਂ ਬੇਮਿਸਾਲ ਅਤਿਆਚਾਰ ਦਾ ਸਾਹਮਣਾ ਕਰਨ ਦੇ ਬਾਵਜੂਦ, ਲੋਕਤੰਤਰ ਨੂੰ ਸੁਰਜੀਤ ਕਰਨ ਲਈ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ 'ਸੰਵਿਧਾਨ ਹਤਿਆ ਦਿਵਸ' ਮਨਾਉਣ ਨਾਲ ਹਰੇਕ ਭਾਰਤੀ ਵਿੱਚ ਨਿਜੀ ਆਜ਼ਾਦੀ ਅਤੇ ਦੇਸ਼ ਦੇ ਲੋਕਤੰਤਰ ਦੀ ਰੱਖਿਆ ਦੀ ਸਦੀਵੀ ਲਾਟ ਨੂੰ ਜ਼ਿੰਦਾ ਰੱਖਣ ਵਿੱਚ ਮਦਦ ਮਿਲੇਗੀ।

---------------------------------------------------------------

ਕੇਂਦਰੀ ਬਲ ਸਾਬਕਾ ਅਗਨੀਵੀਰਾਂ ਲਈ 10 ਫੀਸਦੀ ਰਾਖਵਾਂਕਰਨ ਲਾਗੂ ਕਰਨਗੇ। ਕੇਂਦਰੀ ਬਲਾਂ ਨੇ ਅਗਨੀਪਥ ਯੋਜਨਾ 'ਤੇ ਚੱਲ ਰਹੀ ਬਹਿਸ ਦੌਰਾਨ ਇਹ ਐਲਾਨ ਕੀਤਾ ਏ। ਸਾਬਕਾ ਅਗਨੀਵੀਰਾਂ ਨੂੰ ਉਮਰ ਵਿੱਚ ਛੋਟ ਮਿਲੇਗੀ ਅਤੇ ਉਨ੍ਹਾਂ ਲਈ ਕੋਈ ਸਰੀਰਕ ਕੁਸ਼ਲਤਾ ਟੈਸਟ ਨਹੀਂ ਹੋਵੇਗਾ।

*ਹੋਰ ਵੇਰਵੇ ਨਾਲ ਇਹ ਰਿਪੋਰਟ: ਡਿਸਪੈਚ: ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੇ ਡਾਇਰੈਕਟਰ ਜਨਰਲ ਨੀਨਾ ਸਿੰਘ ਅਨੁਸਾਰ ਗ੍ਰਿਹ ਮੰਤਰਾਲੇ ਨੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਵਿੱਚ ਸਾਬਕਾ ਅਗਨੀਵੀਰਾਂ ਦੀ ਭਰਤੀ ਲਈ ਇੱਕ ਵੱਡਾ ਕਦਮ ਚੁੱਕਿਆ ਏ ਅਤੇ ਇਸ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਨੇ ।*

*Byte*

*ਸੀਮਾ ਸੁਰੱਖਿਆ ਬਲ ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ ਕਿਹਾ ਕਿ ਅਗਨੀਵੀਰ ਸੈਨਿਕਾਂ ਵਜੋਂ ਤਿਆਰ ਹੋ ਰਿਹਾ ਏ ਅਤੇ ਇਸ ਤੋਂ ਵਧੀਆ ਹੋਰ ਕੁਝ ਨਹੀਂ ਹੋ ਸਕਦਾ ।Byte*

*ਰੇਲਵੇ ਸੁਰੱਖਿਆ ਬੱਲ ਦੇ ਡਾਇਰੈਕਟਰ ਜਨਰਲ ਮਨੋਜ ਯਾਦਵ ਨੇ ਕਿਹਾ ਕਿ ਆਰ ਪੀ ਐਫ ਵਿੱਚ ਕਾਂਸਟੇਬਲ ਦੇ ਅਹੁਦੇ ਲਈ ਸਾਰੀਆਂ ਭਰਤੀਆਂ ਵਿੱਚ ਸਾਬਕਾ ਅਗਨੀਵੀਰਾਂ ਲਈ 10 ਫੀਸਦੀ ਰਾਖਵਾਂਕਰਨ ਹੋਵੇਗਾ ।*

*Byte*

ਸਸ਼ਤਰ ਸੀਮਾ ਬਲ ਦੇ ਡਾਇਰੈਕਟਰ ਜਨਰਲ ਦਲਜੀਤ ਸਿੰਘ ਦਾ ਕਹਿਣਾ ਏ ਕਿ ਫੋਰਸ ਸਾਬਕਾ ਅਗਨੀਵੀਰਾਂ ਲਈ ਕਾਂਸਟੇਬਲ ਦੀਆਂ 10 ਫੀਸਦੀ ਅਸਾਮੀਆਂ ਦੇ ਪਹਿਲੇ ਬੈਚ ਨੂੰ ਉਮਰ ਵਿਚ ਪੰਜ ਸਾਲ ਦੀ ਛੋਟ ਦੇਵੇਗੀ ।

*Byte*

ਕੇਂਦਰੀ ਰਿਜ਼ਰਵ ਪੁਲਿਸ ਬਲ ਦੇ ਡਾਇਰੈਕਟਰ ਜਨਰਲ ਅਨੀਸ਼ ਦਿਆਲ ਸਿੰਘ ਨੇ ਦੱਸਿਆ ਕਿ ਸਾਬਕਾ ਅਗਨੀਵੀਰਾਂ ਨੂੰ ਸੀ ਆਰ ਪੀ ਐਫ ਵਿੱਚ ਭਰਤੀ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਨੇ ।

*Byte*

ਯਕੀਨਨ ਗ੍ਰਿਹ ਮੰਤਰਾਲੇ ਵਲੋਂ ਚੁਕੇ ਗਏ ਇਸ ਅਹਿਮ ਕਦਮ ਨਾਲ ਸਾਬਕਾ ਅਗਨੀਵੀਰਾਂ ਨੂੰ ਆਪਣੇ ਜੀਵਨ ਵਿਚ ਦੇਸ਼ ਦੀ ਸੇਵਾ ਕਰਨ ਡੇਢ ਹੋਰ ਵਧੀਆ ਮੌਕੇ ਮਿਲਣਗੇ ਅਤੇ ਦੇਸ਼ ਤੇ ਸਮਾਜ ਨੂੰ ਇਸ ਦਾ ਕਾਫੀ ਫਾਇਦਾ ਹੋਵੇਗਾ ।

***ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ***

---------------------------------------------------

ਵਾਰਿਸ ਪੰਜਾਬ ਦੇ ਜੱਥੇਬੰਦੀ ਦੇ ਮੁਖੀ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਨੂੰ, ਜਲੰਧਰ ਪੁਲਿਸ ਨੇ ਨਸ਼ੇ ਸਮੇਤ ਗ੍ਰਿਫਤਾਰ ਕੀਤਾ ਏ । ਜਲੰਧਰ ਦਿਹਾਤ ਦੇ ਐਸ.ਐਸ.ਪੀ ਅੰਕੁਰ ਗੁਪਤਾ ਨੇ ਦੱਸਿਆ ਕਿ ਉਸ ਕੋਲੋਂ ਪੰਜ ਗ੍ਰਾਮ ਆਈਸ ਬਰਾਮਦ ਕੀਤੀ ਗਈ ਏ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਏ। ਪੁਲਿਸ ਵੱਲੋਂ ਕਰਵਾਈ ਗਈ ਮੈਡੀਕਲ ਜਾਂਚ ਵਿਚ ਮੁਲਜ਼ਮ ਦੇ ਖੁਦ ਵੀ ਨਸ਼ੇ ’ਚ ਹੋਣ ਦੀ ਪੁਸ਼ਟੀ ਹੋਈ ਏ। ਅੰਕੁਰ ਗੁਪਤਾ ਨੇ ਕਿਹਾ ਕਿ ਫਿਲੌਰ ਵਿਖੇ, ਪੁਲਿਸ ਨੇ ਉਸ ਨੂੰ ਰੋਜ਼ਾਨਾ ਜਾਂਚ ਦੌਰਾਨ ਗ੍ਰਿਫ਼ਤਾਰ ਕੀਤਾ ਅਤੇ ਪੁਲਿਸ ਕਈ ਪਹਿਲੂਆਂ ਦੇ ਆਧਾਰ ’ਤੇ ਮਾਮਲੇ ਦੀ ਜਾਂਚ ਕਰ ਰਹੀ ਏ । ਪੁਲਿਸ ਨੇ ਇਸ ਮਾਮਲੇ ਵਿੱਚ ਹੈਬੋਵਾਲ ਵਾਸੀ ਸੰਦੀਪ ਨੂੰ ਵੀ ਨਾਮਜ਼ਦ ਕੀਤਾ ਏ। ਦੂਜੇ ਪਾਸੇ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਨੇ, ਇਸ ਨੂੰ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਹਰਪ੍ਰੀਤ ਦੁਪਹਿਰ 12 ਵਜੇ ਚਲਾ ਗਿਆ ਸੀ। ਇਸ ਤੋਂ ਬਾਅਦ ਫ਼ੋਨ ਕੀਤਾ ਤਾਂ ਫ਼ੋਨ ਬੰਦ ਸੀ।

------------------------------------------------------------

ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਹੋ ਗਏ ਨੇ । ਮੋਹਾਲੀ ਅਤੇ ਗੁਰਦਾਸਪੁਰ ਜ਼ਿਲਿਆਂ ਦੇ ਕਾਨੂੰਨ ਮਾਹਰਾਂ ਨੇ, ਨਵੇਂ ਕਾਨੂੰਨਾਂ ਵਿਚ FIR ਤੇ ਚਾਰਜਸ਼ੀਟ ਨੂੰ ਡਿਜੀਟਲ ਕੀਤੇ ਜਾਣ ਦੀ ਸ਼ਲਾਘਾ ਕੀਤੀ ਏ ।

------------------------------------------------------------

ਜਲੰਧਰ ਪੱਛਮੀ ਰਾਖਵੇਂ ਵਿਧਾਨਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਵੋਟਾਂ ਦੀ ਗਿਣਤੀ ਭਲਕੇ 13 ਜੁਲਾਈ ਨੂੰ ਕੀਤੀ ਜਾਵੇਗੀ ਅਤੇ ਇਸ ਵਾਸਤੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਨੇ । ਜਲੰਧਰ ਦੇ ਲਾਇਲਪੁਰ ਖਾਲਸਾ ਕਾਲੇਜ ਫਾਰ ਵੋਮੈਨ ਵਿਖੇ ਬਣਾਏ ਗਏ ਮੱਤਗਣਨਾ ਕੇਂਦਰ ਵਿਚ ਇਹ ਗਿਣਤੀ ਸਵੇਰੇ ਅੱਠ ਵਜੇ ਤੋਂ ਸ਼ੁਰੂ ਹੋਵੇਗੀ। ਗਿਣਤੀ ਲਈ ਸਟਾਫ ਨੂੰ ਸਿਖਲਾਈ ਦਿੱਤੀ ਜਾ ਚੁਕੀ ਏ । ਗਿਣਤੀ ਕੇਂਦਰ ਵਿਚ ਕੁਲ 14 ਟੇਬਲ ਸਥਾਪਤ ਕੀਤੇ ਜਾਣਗੇ ।

ਜ਼ਿਮਨੀ ਚੋਣ ਲਈ ਕੋਈ 55 ਫੀਸਦੀ ਪੋਲਿੰਗ ਹੋਈ ਏ ਅਤੇ ਇਨਾਂ ਵੋਟਾਂ ਦੀ ਗਿਣਤੀ ਛੇਤੀ ਹੀ ਮੁੱਕਮਲ ਹੋ ਜਾਣ ਦੀ ਆਸ ਏ। ਇਸ ਚੋਣ ਵਿਚ ਕੁਲ 15 ਉਮੀਦਵਾਰ ਆਪਣੀ ਕਿਸਮਤ ਆਜਮ ਰਹੇ ਨੇ। ਗਿਣਤੀ ਨੂੰ ਦੇਖਦਿਆਂ ਸੁਰੱਖਿਆ ਦੇ ਵੀ ਸਖਤ ਇੰਤਜਾਮ ਕੀਤੇ ਗਏ ਨੇ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਯਤਨਾਂ ਸਦਕਾ ਜ਼ਿਮਨੀ ਚੋਣ “ਗਰੀਨ ਇਲੈਕਸ਼ਨ“ ਹੋ ਨਿੱਬੜੀ। ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪ੍ਰਸ਼ਾਸ਼ਨ ਨੇ ਹਾਲ ਹੀ ਵਿੱਚ ਹੋਈ ਲੋਕ ਸਭਾ ਚੋਣ ਦੌਰਾਨ ਫਿਲੌਰ ਵਿਧਾਨ ਸਭਾ ਹਲਕੇ ਵਿੱਚ ਕੁਝ ਗਰੀਨ ਬੂਥ ਬਣਾਏ ਸਨ ਪਰ ਇਸ ਵਾਰ ਪੂਰੇ ਜਲੰਧਰ ਪੱਛਮੀ ਹਲਕੇ ਦੇ 181 ਬੂਥਾਂ ਨੂੰ ਗਰੀਨ ਬੂਥ ਬਣਾਕੇ ਵੋਟ ਪਾਉਣ ਆਏ ਵੋਟਰਾਂ ਨੂੰ 50 ਹਜ਼ਾਰ ਬੂਟੇ ਵੰਡੇ ਗਏ। ਡਾ. ਅਗਰਵਾਲ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਲੋਕਾਂ ਨੂੰ ਵਾਤਾਵਰਣ ਸੰਭਾਲ ਦਾ ਸੱਦਾ ਦੇਣ ਦੇ ਨਾਲ - ਨਾਲ ਮਾਨਸੂਨ ਸੀਜਨ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਪ੍ਰੇਰਿਤ ਕਰਨਾ ਸੀ ਤਾਂ ਜੋ ਬੂਟਿਆਂ ਦਾ ਪਾਲਣ ਪੋਸ਼ਣ ਸਹੀ ਤਰੀਕੇ ਨਾਲ ਹੋ ਸਕੇ। ਉਨ੍ਹਾਂ ਦੱਸਿਆ ਕਿ ਹਰੇਕ ਪੋਲਿੰਗ ਬੂਥ

ਤੇ 200 ਤੋਂ 350 ਤੱਕ ਬੂਟੇ ਸਪਲਾਈ ਕੀਤੇ ਗਏ ਜਿਹੜੇ ਕਿ ਵੋਟ ਪਾਉਣ ਵਾਲੇ ਲੋਕਾਂ ਨੂੰ ਬਿਲਕੁਲ ਮੁਫਤ ਦਿੱਤੇ ਗਏ।

---------------------------------------------------------

ਯੂਨਾਈਟਿਡ ਫਾਰਮਾ-ਸਿਸਟ ਅਲਾਇੰਸ ਸੋਸਾਇਟੀ ਨੇ 'ਹਰਿਆਵਲ ਪੰਜਾਬ ਮੁਹਿੰਮ' ਤਹਿਤ ਪ੍ਰਧਾਨ ਕਮਲਕਾਂਤ ਕਾਲੀਆ ਦੀ ਪ੍ਰਧਾਨਗੀ ਹੇਠ, ਸ਼੍ਰੀ ਗੁਰੂ ਰਵਿਦਾਸ ਸੀਨੀਅਰ ਸੈਕੰਡਰੀ ਸਕੂਲ ਕਿਸ਼ਨਪੁਰਾ ਵਿਖੇ, ਅੱਜ 100 ਤੋਂ ਵੱਧ ਛਾਂ ਦਾਰ ਰੁੱਖਾਂ ਦੇ ਬੂਟੇ ਲਗਾਏ। ਸੰਕਲਪ ਕਲਿਆਣ ਸੋਸਾਇਟੀ ਦੇ ਪ੍ਰਧਾਨ ਪੁਨੀਤ ਖੰਨਾ ਨੇ, ਮੌਜੂਦ ਪਤਵੰਤਿਆਂ ਦਾ ਵਿਸ਼ੇਸ਼ ਤੌਰ 'ਤੇ ਮਾਰਗ-ਦਰਸ਼ਨ ਕੀਤਾ। ਉਨਾਂ ਦੱਸਿਆ ਕਿ ਵੱਖ-ਵੱਖ ਕਿਸਮਾਂ ਦੇ ਲਗਾਏ ਗਏ ਬੂਟਿਆਂ ਵਿੱਚ, ਆਂਵਲਾ, ਨਿੰਮ, ਸੋਹਨਜਨਾ, ਢੇਕ ਅਤੇ ਹੋਰ ਕਈ ਤਰ੍ਹਾਂ ਦੇ ਬੂਟੇ ਸ਼ਾਮਲ ਨੇ, ਜਿਹੜੇ ਸਕੂਲ ਦੇ ਵਾਤਾਵਰਣ ਨੂੰ ਸ਼ੁੱਧ ਅਤੇ ਛਾਂਦਾਰ ਬਣਾਉਣ ਵਿਚ ਮਦਦਗਾਰ ਬਣਨਗੇ ਅਤੇ ਇਸ ਨੂੰ ਹਰਾ ਭਰਾ ਬਣਾ ਦੇਣਗੇ। ਜਲੰਧਰ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਹਰਵਿੰਦਰ ਕਮਲ, ਸਕੂਲ ਦੇ ਪ੍ਰਿੰਸੀਪਲ ਮੁਕੇਸ਼ ਨਿਗਮ ਅਤੇ ਸੰਕਲਪ

ਪਰਿਵਾਰ ਨਾਲ ਜੁੜੇ ਡਾਕਟਰ ਪੰਖੁੜੀ ਸਮੇਤ ਕਈ ਹੋਰ ਪਤਵੰਤਿਆਂ ਨੇ ਇਸ ਮੁਹਿੰਮ ਵਿਚ ਵੱਧ ਚੜ ਕੇ ਹਿੱਸਾ ਲਿਆ।

---------------------------------------------------------

NEET UG ਪੇਪਰ ਲੀਕ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਵਲੋਂ ਜਾਂਚ ਅਤੇ ਸਰਵਉੱਚ ਅਦਾਲਤ ਵਲੋਂ ਸੁਣਵਾਈ ਕੀਤੇ ਜਾਣ 'ਤੇ ਲੋਕ ਕਾਫੀ ਸੰਤੁਸ਼ਟ ਨੇ । ਫਾਜ਼ਿਲਕਾ ਤੋਂ ਮੈਡੀਕਲ ਦੇ ਵਿਦਿਆਰਥੀ ਵਾਤ੍ਸਲਯ ਗਰੋਵਰ ਅਤੇ ਚੰਡੀਗੜ੍ਹ ਦੇ ਡਾਕਟਰ ਸੁਰਿੰਦਰ ਪਾਲ ਇਸ ਮਾਮਲੇ ਵਿਚ ਹੁਣ ਤਕ ਹੋਈ ਕਾਰਵਾਈ 'ਤੇ ਤੱਸਲੀ ਜਾਹਰ ਕਰਦੇ ਨੇ।

---------------------------------------------------------

ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਅੱਜ ਸਵੇਰ ਤੋਂ ਹੀ ਹਲਕੇ ਤੋਂ ਦਰਮਿਆਨੇ ਮੀਂਹ ਦਾ ਸਿਲਸਿਲਾ ਰੁਕ ਰੁਕ ਕੇ ਚੱਲ ਰਿਹਾ ਏ । ਜਲੰਧਰ ਵਿਚ ਸਵੇਰ ਸਮੇਂ ਤੇਜ਼ ਹਵਾਵਾਂ ਨਾਲ ਜ਼ੋਰਦਾਰ ਮੀਂਹ ਪਿਆ। ਇਸ ਨਾਲ ਮੌਸਮ ਬੇਹੱਦ ਸੁਹਾਵਣਾ ਬਣ ਗਿਆ ਏ ਅਤੇ ਲੋਕਾਂ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲੀ ਏ। ਮੌਸਮ ਵਿਭਾਗ ਨੇ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਫਰੀਦਕੋਟ,

ਮੁਕਤਸਰ ਅਤੇ ਬਠਿੰਡਾ ਜ਼ਿਲਿਆਂ ਵਿਚ ਮੀਂਹ ਪੈਣ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਏ। ਇਸ ਦੌਰਾਨ ਭਾਰੀ ਮੀਂਹ, ਆਸਮਾਨੀ ਬਿਜਲੀ ਲਿਸ਼੍ਕਨ ਅਤੇ ਮੀਂਹ ਨਾਲ 30 ਤੋਂ 40 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਵਗਣ ਦੀ ਚੇਤਾਵਨੀ ਦਿੱਤੀ ਗਈ ਏ।

-----------------------------------------------

ਏਧਰ ਫਰੀਦਕੋਟ ਜਿਲ੍ਹੇ ਦੇ ਪਿੰਡ ਸਿਵੀਆਂ ਤੋਂ ਇਕ ਪਰਿਵਾਰ ਆਪਣੀ ਕਾਰ ਤੇ ਫਰੀਦਕੋਟ ਆ ਰਿਹਾ ਸੀ ਅਤੇ ਜਦੋਂ ਇਹ ਕਾਰ ਫ਼ਰੀਦਕੋਟ ਤੋਂ ਕੋਈ ਪੰਜ ਕਿਲੋਮੀਟਰ ਦੂਰ ਸੀ ਤਾਂ ਤੇਜ਼ ਹਨੇਰੀ ਕਾਰਨ ਸੜਕ ਦੇ ਕਿਨਾਰੇ ਪਾਪੂਲਰ ਦਾ ਇੱਕ ਦਰਖਤ ਕਾਰ ਦੀ ਛੱਤ ਤੇ ਡਿੱਗ ਪਿਆ, ਜਿਸ ਕਾਰਨ ਇਸ ਵਿੱਚ ਸਵਾਰ ਚਾਰ ਲੋਕ ਜਖਮੀ ਹੋ ਗਏ ਅਤੇ 13 ਸਾਲ ਦੀ ਸਕੂਲੀ ਬੱਚੀ ਦੀ ਮੌਤ ਹੋ ਗਈ। ਜਖਮੀਆਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਏ।

-----------------------------------------------

**<u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਕੇਂਦਰ ਸਰਕਾਰ ਨੇ, ਹਰ ਸਾਲ 25 ਜੂਨ ਨੂੰ, 'ਸੰਵਿਧਾਨ ਹਤਿਆ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਏ।
- ਦੇਸ਼ ਲਈ ਸਾਬਕਾ ਅਗਨੀਵੀਰਾਂ ਦੀਆਂ ਸੇਵਾਵਾਂ ਮੁੜ ਤੋਂ ਲੈਣ ਲਈ, ਵੱਖ-ਵੱਖ ਕੇਂਦਰੀ ਬਲਾਂ ਦੇ ਮੁਖੀਆਂ ਨੇ 10 ਫੀਸਦੀ ਰਾਖਵੇਂਕਰਨ ਦਾ ਐਲਾਨ ਕੀਤਾ।
- ਜਲੰਧਰ ਪੱਛਮੀ ਰਾਖਵੇਂ ਵਿਧਾਨਸਭਾ ਹਲਕੇ ਦੀ ਜ਼ਿਮਨੀ ਚੋਣ ਵਾਸਤੇ, ਭਲਕੇ 13 ਜੁਲਾਈ ਨੂੰ ਹੋਣ ਵਾਲੀ ਵੋਟਾਂ ਦੀ ਗਿਣਤੀ ਲਈ ਸਾਰੀਆਂ ਤਿਆਰੀਆਂ ਮੁਕੰਮਲ ।